"ਪੁਰਾਣੇ ਸੰਸਕਾਰਾਂ ਨੂੰ ਖਤਮ ਕਰ ਆਪਣੇ ਖੁਦ ਦੇ ਸੰਸਕਾਰ ਧਾਰਨ ਕਰਨ ਵਾਲੇ ਐਵੇਰੇਡੀ ਬਣੋ"

ਅੱਜ ਬਾਪਦਾਦਾ ਆਪਣੇ ਚਾਰੋਂ ਪਾਸੇ ਤੋਂ ਵਿਸ਼ਵ ਦੇ ਬਾਪ ਦੇ ਲਵ ਵਿੱਚ ਲਵਲੀਨ ਅਤੇ ਲੱਕੀ ਬੱਚਿਆਂ ਨੂੰ ਵੇਖ ਰਹੇ ਹਨ। ਹਰ ਇੱਕ ਬੱਚੇ ਦੇ ਭਾਗ ਤੇ ਬਾਪ ਨੂੰ ਵੀ ਨਾਜ਼ ਹੈ ਕਿ ਮੇਰੇ ਬੱਚੇ ਵਰਤਮਾਨ ਸਮੇਂ ਇਤਨੇ ਮਹਾਨ ਹਨ ਜੋ ਸਾਰੇ ਕਲਪ ਵਿੱਚ ਭਾਵੇਂ ਦੇਵਤਾ ਸਵਰੂਪ ਵਿੱਚ, ਭਾਵੇਂ ਧਰਮ ਨੇਤਾਵਾਂ ਦੇ ਰੂਪ ਵਿਚ, ਭਾਵੇਂ ਮਹਾਤਮਾਵਾਂ ਦੇ ਰੂਪ ਵਿਚ, ਭਾਵੇਂ ਪਦਮਪਤੀ ਆਤਮਾਵਾਂ ਦੇ ਰੂਪ ਵਿਚ ਕਿਸੇ ਦਾ ਵੀ ਇਤਨਾ ਭਾਗ ਨਹੀਂ ਹੈ ਜਿੰਨਾਂ ਤੁਸੀਂ ਬ੍ਰਾਹਮਣ ਦਾ ਭਾਗ ਹੈ। ਤਾਂ ਆਪਣੇ ਸ੍ਰੇਸ਼ਠ ਭਾਗ ਨੂੰ ਸਦਾ ਸਮ੍ਰਿਤੀ ਵਿਚ ਰੱਖਦੇ ਹੋ? ਸਦਾ ਇਹ ਅਨਹਦ ਗੀਤ ਮਨ ਵਿਚ ਗਾਉਂਦੇ ਰਹਿੰਦੇ ਹੋ ਕਿ ਵਾਹ ਭਾਗ ਵਿਧਾਤਾ ਬਾਪ ਅਤੇ ਵਾਹ ਮੇਰਾ ਸ੍ਰੇਸ਼ਠ ਆਤਮਾ ਦਾ ਭਾਗ! ਇਹ ਭਾਗ ਦਾ ਗੀਤ ਸਦਾ ਆਟੋਮੈਟਿਕ ਵਜਦਾ ਰਹਿੰਦਾ ਹੈ? ਬਾਪ ਬੱਚਿਆਂ ਨੂੰ ਵੇਖ - ਵੇਖ ਸਦਾ ਹਰਸ਼ਿਤ ਹੁੰਦੇ ਹਨ। ਬੱਚੇ ਵੀ ਹਰਸ਼ਿਤ ਹੁੰਦੇ ਹਨ ਲੇਕਿਨ ਕਦੇ - ਕਦੇ ਵਿਚੋਂ ਦੀ ਆਪਣੇ ਭਾਗ ਨੂੰ ਈਮਰਜ ਕਰਨ ਦੀ ਬਜਾਏ ਮਰਜ ਕਰ ਦਿੰਦੇ ਹਨ। ਜਦ ਬਾਪ ਵੇਖਦੇ ਹਨ ਕਿ ਬੱਚਿਆਂ ਦੇ ਅੰਦਰ ਆਪਣੇ ਸੌਭਾਗ ਦਾ ਨਸ਼ਾ, ਨਿਸ਼ਚੇ ਮਰਜ਼ ਹੋ ਜਾਂਦਾ ਹੈ ਤਾਂ ਕੀ ਕਹਾਂਗੇ? ਡਰਾਮਾ। ਲੇਕਿਨ ਬਾਪਦਾਦਾ ਸਾਰੇ ਬੱਚਿਆਂ ਨੂੰ ਸਦਾ ਹੀ ਭਾਗ ਦੇ ਸਮ੍ਰਿਤੀ ਸਵਰੂਪ ਵੇਖਣਾ ਚਾਉਂਦੇ ਹਨ। ਤੁਸੀਂ ਵੀ ਸਾਰੇ ਚਾਉਂਦੇ ਇਹ ਹੀ ਹੋ 'ਪਰ'… ਵਿੱਚ ਆ ਜਾਂਦਾ ਹੈ। ਕਿਸੇ ਨੂੰ ਵੀ ਪੁੱਛੋ ਤਾਂ ਸਾਰੇ ਬੱਚੇ ਇਹ ਹੀ ਲਕਸ਼ ਰੱਖ ਕੇ ਚੱਲ ਰਹੇ ਹਨ ਕਿ ਮੈਨੂੰ ਬਾਪ ਸਮਾਨ ਬਣਨਾ ਹੀ ਹੈ। ਲਕਸ਼ ਬਹੁਤ ਚੰਗਾ ਹੈ। ਜਦ ਲਕਸ਼ ਬਹੁਤ ਸ੍ਰੇਸ਼ਠ ਹੈ, ਬਹੁਤ ਚੰਗਾ ਹੈ ਫਿਰ ਕਦੇ ਈਮਰਜ ਰੂਪ, ਕਦੇ ਮਰਜ ਰੂਪ ਕਿਓਂ? ਕਾਰਣ ਕੀ? ਬਾਪਦਾਦਾ ਨਾਲ ਇੰਨੇ ਚੰਗੇ - ਚੰਗੇ ਵਾਇਦੇ ਵੀ ਕਰਦੇ ਹਨ, ਰੂਹ - ਰਹਿਣ ਵੀ ਕਰਦੇ ਹਨ ਫਿਰ ਵੀ ਲਕਸ਼ ਅਤੇ ਕਲਸ਼ਣ ਵਿੱਚ ਫਰਕ ਕਿਉਂ? ਤਾਂ ਬਾਪਦਾਦਾ ਨੇ ਰਿਜਲਟ ਵੇਖੀ ਕਿ ਕਾਰਣ ਕੀ ਹੈ? ਉਵੇਂ ਤਾਂ ਤੁਸੀਂ ਸਭ ਜਾਣਦੇ ਹੋ ਕਿ ਨਵੀਂ ਗੱਲ ਨਹੀਂ ਹੈ ਫਿਰ ਵੀ ਬਾਪਦਾਦਾ ਰੀਵਾਇਜ ਕਰਉਂਦੇ ਹਨ।

ਬਾਪਦਾਦਾ ਨੇ ਵੇਖਿਆ ਤਿੰਨ ਗੱਲਾਂ ਹਨ - ਇੱਕ ਹੈ ਸੋਚਣਾ, ਸੰਕਲਪ ਕਰਨਾ। ਦੂਸਰਾ ਹੈ ਬੋਲਣਾ, ਵਰਨਣ ਕਰਨਾ, ਅਤੇ ਤੀਸਰਾ ਹੈ ਕਰਮ ਵਿੱਚ ਪ੍ਰੈਕਟਿਕਲ ਅਨੁਭਵ ਵਿੱਚ ਅਤੇ ਚਲਣ ਵਿਚ ਲਿਆਉਣਾ, ਕਰਮ ਵਿੱਚ ਲਿਆਉਣਾ। ਤਾਂ ਤਿੰਨਾਂ ਦਾ ਸਮਾਨ ਬੇਲੈਂਸ ਘਟ ਹੈ। ਜਦੋਂ ਬੇਲੈਂਸ ਘਟ ਹੁੰਦਾ ਹੈ ਤਾਂ ਨਿਸ਼ਚੇ ਅਤੇ ਨਸ਼ਾ ਮਰਜ ਹੋ ਜਾਂਦਾ ਹੈ। ਰਿਜਲਟ ਵਿੱਚ ਵੇਖਿਆ ਗਿਆ ਕਿ ਸੋਚਣ ਦੀ ਗਤੀ ਬਹੁਤ ਚੰਗੀ ਵੀ ਹੀ ਅਤੇ ਫਾਸਟ ਵੀ ਹੈ। ਬੋਲਣ ਵਿੱਚ ਰਫਤਾਰ ਅਤੇ ਨਸ਼ਾ ਉਹ ਵੀ 75% ਠੀਕ ਹੈ। ਬੋਲਣ ਵਿੱਚ ਮਿਜਿਓਰਟੀ ਹੁਸ਼ਿਆਰ ਵੀ ਹਨ ਲੇਕਿਨ ਪ੍ਰੈਕਟਿਕਲ ਚਲਣ ਵਿੱਚ ਲਿਆਉਣ ਵਿਚ ਟੋਟਲ ਮਾਰਕਸ ਘਟ ਹਨ। ਤਾਂ ਦੋ ਗੱਲਾਂ ਵਿਚ ਠੀਕ ਹਨ, ਤੀਜੀ ਗੱਲ ਵਿੱਚ ਬਹੁਤ ਘਟ ਹਨ। ਕਾਰਣ? ਜਦ ਸੰਕਲਪ ਵੀ ਚੰਗਾ ਹੈ, ਬੋਲ ਵੀ ਬਹੁਤ ਸੁੰਦਰ ਰੂਪ ਵਿਚ ਹੈ ਫਿਰ ਪ੍ਰੈਕਟਿਕਲ ਵਿੱਚ ਘਟ ਕਿਓਂ ਹੁੰਦਾ ਹੈ? ਕਾਰਣ ਕੀ, ਜਾਣਦੇ ਹੋ? ਹਾਂ ਜਾਂ ਨਾ ਬੋਲੋ। ਜਾਣਦੇ ਬਹੁਤ ਚੰਗਾ ਹਨ। ਜੇਕਰ ਕਿਸੇ ਨੂੰ ਵੀ ਕਹਾਂਗੇ ਇਸ ਟਾਪਿਕ ਤੇ ਭਾਸ਼ਣ ਕਰੋ ਜਾਂ ਕਲਾਸ ਕਰਵਾਓ ਤਾਂ ਕਿੰਨਾਂ ਵਧੀਆ ਕਲਾਸ ਕਰਾਉਣਗੇ! ਅਤੇ ਬੜੇ ਨਿਸ਼ਚੇ, ਨਸ਼ੇ, ਫ਼ਲਕ ਨਾਲ ਭਾਸ਼ਣ ਵੀ ਕਰਨਗੇ, ਕਲਾਸ ਵੀ ਕਰਾਉਣਗੇ। ਕਰਾਉਂਦੇ ਹਨ। ਬਾਪਦਾਦਾ ਸਭ ਦੇ ਕਲਾਸਿਜ਼ ਸੁਣਦੇ ਹਨ ਕੀ - ਕੀ ਬੋਲਦੇ ਹਨ। ਮੁਸਕੁਰਾਉਂਦੇ ਰਹਿੰਦੇ ਹਨ, ਵਾਹ! ਵਾਹ ਬੱਚੇ ਵਾਹ!

ਮੂਲ ਗੱਲ ਹੈ ਬਾਪਦਾਦਾ ਨੇ ਪਹਿਲੇ ਵੀ ਸੁਣਾਇਆ ਹੈ ਇਹ ਰੀਵਾਇਜ਼ ਕੋਰਸ ਚੱਲ ਰਿਹਾ ਹੈ। ਤਾਂ ਬਾਪ ਕਹਿੰਦੇ ਹਨ ਕਿ ਕਾਰਣ ਇੱਕ ਹੀ ਹੈ, ਜਿਆਦਾ ਵੀ ਨਹੀਂ ਹਨ, ਇੱਕ ਹੀ ਕਾਰਣ ਹੈ ਅਤੇ ਬਾਪਦਾਦਾ ਸਮਝਦੇ ਹਨ ਕਿ ਕਾਰਣ ਨੂੰ ਨਿਵਾਰਣ ਕਰਨਾ ਮੁਸ਼ਕਿਲ ਵੀ ਨਹੀਂ ਹੈ, ਬਹੁਤ ਸਹਿਜ ਹੈ। ਲੇਕਿਨ ਸਹਿਜ ਨੂੰ ਮੁਸ਼ਕਿਲ ਬਣਾ ਦਿੰਦੇ ਹਨ। ਮੁਸ਼ਕਿਲ ਹੈ ਨਹੀਂ, ਬਣਾ ਦਿੰਦੇ ਹਨ, ਕਿਓਂ? ਨਸ਼ਾ ਮਰਜ ਹੋ ਜਾਂਦਾ ਹੈ। ਇੱਕ ਹੀ ਕਾਰਣ ਹੈ ਜੋ ਵੀ ਧਾਰਨਾ ਦੀਆਂ ਗੱਲਾਂ ਸੁਣਦੇ ਹੋ, ਕਰਦੇ ਵੀ ਹੋ, ਭਾਵੇਂ ਸ਼ਕਤੀਆਂ ਦੇ ਰੂਪ ਵਿਚ, ਭਾਵੇਂ ਗੁਣਾਂ ਦੇ ਰੂਪ ਵਿਚ, ਧਾਰਨਾਂ ਦੀਆਂ ਗੱਲਾਂ ਬਹੁਤ ਚੰਗੀਆਂ ਕਰਦੇ ਹੈ, ਇੰਨੀਆਂ ਚੰਗੀਆਂ ਕਰਦੇ ਹੋ ਜੋ ਸੁਣਨ ਵਾਲੇ, ਅਗਿਆਨੀ, ਭਾਵੇਂ ਗਿਆਨੀ ਸੁਣਕੇ ਬਹੁਤ ਚੰਗਾ, ਬਹੁਤ ਚੰਗਾ ਕਹਿ ਕਰ ਖੂਬ ਤਾਲੀਆਂ ਵਜਾਉਂਦੇ ਹਨ, ਬਹੁਤ ਵਧੀਆ ਕਿਹਾ। ਲੇਕਿਨ, ਕਿੰਨੀ ਵਾਰੀ 'ਲੇਕਿਨ' ਆਇਆ? ਇਹ 'ਲੇਕਿਨ' ਹੀ ਵਿਘਨ ਪਾ ਦਿੰਦਾ ਹੈ। 'ਲੇਕਿਨ' ਸ਼ਬਦ ਖਤਮ ਹੋਣਾ ਮਤਲਬ ਬਾਪ ਸਮਾਨ ਨੇੜੇ ਆਉਣਾ ਅਤੇ ਬਾਪ ਦੇ ਨੇੜੇ ਆਉਣ ਮਤਲਬ ਸਮੇਂ ਨੂੰ ਨੇੜੇ ਲਿਆਉਣਾ। ਪਰ ਹਾਲੇ ਤੱਕ 'ਲੇਕਿਨ' ਅੱਖਰ ਕਹਿਣਾ ਪੈਂਦਾ ਹੈ। ਬਾਪ ਨੂੰ ਚੰਗਾ ਨਹੀਂ ਲਗਦਾ, ਪਰ ਕਹਿਣਾ ਹੀ ਪੈਂਦਾ ਹੈ। ਤਾਂ ਕਾਰਣ ਕੀ? ਜੋ ਵੀ ਕਹਿੰਦੇ ਹੋ, ਧਾਰਨਾ ਵੀ ਕਰਦੇ ਹੋ, ਧਾਰਨਾ ਦੇ ਰੂਪ ਨਾਲ ਧਾਰਨ ਕਰਦੇ ਹੋ ਅਤੇ ਉਹ ਧਾਰਨਾ ਕਿਸੇ ਦੀ ਥੋੜ੍ਹਾ ਸਮੇਂ, ਕਿਸੇ ਦੀ ਜਿਆਦਾ ਸਮੇਂ ਵੀ ਚਲਦੀ ਹੈ ਲੇਕਿਨ ਧਾਰਨਾ ਪ੍ਰੈਕਟਿਕਲ ਵਿੱਚ ਸਦਾ ਵਧਦੀ ਜਾਵੇ ਉਸ ਦੇ ਲਈ ਇਹ ਹੀ ਮੁੱਖ ਗੱਲ ਹੈ ਕਿ ਜਿਵੇਂ ਦਵਾਪਰ ਤੋਂ ਲੈਕੇ ਅੰਤਿਮ ਜਨਮ ਤੱਕ ਜੋ ਵੀ ਅਵਗੁਣ ਜਾਂ ਕਮਜੋਰੀਆਂ ਹਨ ਉਨ੍ਹਾਂ ਦੀ ਧਾਰਨਾ ਸੰਸਕਾਰ ਰੂਪ ਵਿਚ ਬਣ ਗਈ ਹਨ ਅਤੇ ਸੰਸਕਾਰ ਬਣਨ ਦੇ ਕਾਰਣ ਮਿਹਨਤ ਨਹੀਂ ਕਰਨੀ ਪੈਂਦੀ। ਛੱਡਣਾ ਵੀ ਚਾਉਂਦੇ ਹਨ, ਚੰਗਾ ਨਹੀਂ ਲਗਦਾ ਹੈ ਫਿਰ ਵੀ ਕਹਿੰਦੇ ਹਨ ਕੀ ਕਰੀਏ, ਮੇਰਾ ਸੰਸਕਾਰ ਹੀ ਅਜਿਹਾ ਹੈ। ਤੁਸੀਂ ਬੁਰਾ ਨਾ ਮੰਨਣਾ, ਮੇਰਾ ਸੰਸਕਾਰ ਹੀ

ਅਜਿਹਾ ਹੈ। ਸੰਸਕਾਰ ਬਣਿਆ ਕਿਵੇਂ? ਬਣਾਇਆ ਤਾਂ ਹੀ ਤੇ ਬਣਿਆ ਨਾ! ਤਾਂ ਜਦੋਂ ਦਵਾਪਰ ਤੋਂ ਇਹ ਉਲਟੇ ਸੰਸਕਾਰ ਬਣ ਗਏ, ਜਿਸ ਨਾਲ ਤੁਸੀਂ ਸਮੇਂ ਤੇ ਮਜਬੂਰ ਵੀ ਹੁੰਦੇ ਹੋ ਫਿਰ ਵੀ ਕਹਿੰਦੇ ਹੋ ਕੀ ਕਰੀਏ, ਸੰਸਕਾਰ ਹਨ। ਤਾਂ ਸੰਸਕਾਰ ਸਹਿਜ, ਨਾ ਚਾਉਂਦੇ ਹੋਏ ਵੀ ਪ੍ਰੈਕਟਿਕਲ ਵਿੱਚ ਆ ਜਾਂਦੇ ਹਨ ਨਾ! ਕਿਸੇ ਨੂੰ ਕ੍ਰੋਧ ਆ ਜਾਂਦਾ ਹੈ, ਥੋੜ੍ਹੇ ਸਮੇਂ ਦੇ ਬਾਦ ਕਹਿੰਦੇ ਹਨ ਤੁਸੀਂ ਬੁਰਾ ਨਾ ਮੰਨਣਾ, ਮੇਰਾ ਸੰਸਕਾਰ ਹੈ। ਕ੍ਰੋਧ ਨੂੰ ਸੰਸਕਾਰ ਬਣਾਇਆ, ਅਵਗੁਣ ਨੂੰ ਸੰਸਕਾਰ ਬਣਾਇਆ ਅਤੇ ਗੁਣਾਂ ਨੂੰ ਸੰਸਕਾਰ ਕਿਓਂ ਨਹੀ ਬਣਾਇਆ ਹੈ? ਜਿਵੇਂ ਕ੍ਰੋਧ ਅਗਿਆਨ ਦੀ ਸ਼ਕਤੀ ਹੈ ਅਤੇ ਗਿਆਨ ਦੀ ਸ਼ਕਤੀ ਸ਼ਾਂਤੀ ਹੈ। ਸਹਿਣ ਸ਼ਕਤੀ ਹੈ। ਤਾਂ ਅਗਿਆਨ ਦੀ ਸ਼ਕਤੀ ਕ੍ਰੋਧ ਨੂੰ ਬੜੀ ਚੰਗੀ ਤਰ੍ਹਾਂ ਨਾਲ ਸੰਸਕਾਰ ਬਣਾ ਲਿਆ ਹੈ ਅਤੇ ਯੂਜ ਵੀ ਕਰਦੇ ਰਹਿੰਦੇ ਹੋ ਫਿਰ ਮਾਫੀ ਵੀ ਲੈਂਦੇ ਰਹਿੰਦੇ ਹੋ। ਮਾਫ਼ ਕਰ ਦੇਣਾ ਅੱਗੋਂ ਤੋਂ ਨਹੀਂ ਹੋਵੇਗਾ। ਅਤੇ ਅੱਗੇ ਹੋਰ ਜਿਆਦਾ ਹੁੰਦਾ ਹੈ। ਕਾਰਣ? ਕਿਉਂਕਿ ਸੰਸਕਾਰ ਬਣਾ ਦਿੱਤਾ ਹੈ। ਤਾਂ ਬਾਪਦਾਦਾ ਇੱਕ ਹੀ ਗੱਲ ਬੱਚਿਆਂ ਨੂੰ ਬਾਰ - ਬਾਰ ਸੁਣਾਉਂਦੇ ਹਨ ਕਿ ਹੁਣ ਹਰ ਗੁਣ ਨੂੰ, ਹਰ ਗਿਆਨ ਦੀ ਗੱਲ ਨੂੰ ਸੰਸਕਾਰ ਰੂਪ ਵਿਚ ਬਣਾਓ।

ਬ੍ਰਾਹਮਣ ਆਤਮਾਵਾਂ ਦੇ ਨਿੱਜੀ ਸੰਸਕਾਰ ਕਿਹੜੇ ਹਨ? ਕ੍ਰੋਧ ਜਾਂ ਸਹਿਣਸ਼ਕਤੀ? ਕਿਹੜਾ ਹੈ? ਸਹਿਣਸ਼ਕਤੀ, ਸ਼ਾਂਤੀ ਦੀ ਸ਼ਕਤੀ ਇਹ ਹੈ ਨਾ! ਤਾਂ ਅਵਗੁਣਾਂ ਨੂੰ ਤੇ ਸਹਿਜ ਹੀ ਸੰਸਕਾਰ ਬਣਾ ਦਿੱਤਾ, ਕੁੱਟ - ਕੁੱਟ ਕੇ ਅੰਦਰ ਪਾ ਦਿੱਤਾ ਹੈ ਜੋ ਚਾਉਂਦੇ ਵੀ ਨਿਕਲਦਾ ਰਹਿੰਦਾ ਹੈ। ਇਵੇਂ ਹਰ ਗੁਣ ਨੂੰ ਅੰਦਰ ਕੁੱਟ - ਕੁੱਟ ਕੇ ਸੰਸਕਾਰ ਬਣਾਓ। ਮੇਰਾ ਨਿੱਜੀ ਸੰਸਕਾਰ ਕਿਹੜਾ ਹੈ? ਇਹ ਸਦਾ ਯਾਦ ਰੱਖੋ। ਉਹ ਤਾਂ ਰਾਵਣ ਦੀ ਜਾਇਦਾਦ ਸੰਸਕਾਰ ਬਣਾ ਦਿੱਤਾ। ਪਰਾਏ ਮਾਲ ਨੂੰ ਆਪਣਾ ਬਣਾ ਲਿਆ। ਹੁਣ ਬਾਪ ਦੇ ਖਜਾਨੇ ਨੂੰ ਆਪਣਾ ਬਣਾਓ। ਰਾਵਣ ਦੀ ਚੀਜ ਨੂੰ ਸੰਭਾਲ ਦੇ ਰੱਖਿਆ ਹੈ ਅਤੇ ਬਾਪ ਦੀ ਚੀਜ ਨੂੰ ਗੁੰਮ ਕਰ ਦਿੰਦੇ ਹੋ, ਕਿਓਂ? ਰਾਵਣ ਨਾਲ ਪਿਆਰ ਹੈ! ਰਾਵਣ ਚੰਗਾ ਲਗਦਾ ਹੈ ਜਾਂ ਬਾਪ ਚੰਗਾ ਲਗਦਾ ਹੈ? ਕਹਿਣਗੇ ਤਾਂ ਸਾਰੇ ਬਾਪ ਚੰਗਾ ਲਗਦਾ ਹੈ, ਇਹ ਹੀ ਮਨ ਤੋਂ ਕਹਿ ਰਹੇ ਹੋ ਨਾ? ਲੇਕਿਨ ਜੋ ਚੰਗਾ ਲਗਦਾ ਹੈ ਉਸ ਦੀ ਗੱਲ ਨਿਸ਼ਚੇ ਦੀ ਸਿਆਹੀ ਨਾਲ ਦਿਲ ਵਿਚ ਸਮਾ ਜਾਂਦੀ ਹੈ। ਜਦੋਂ ਕੋਈ ਰਾਵਣ ਦੇ ਸੰਸਕਾਰ ਦੇ ਵਸ਼ ਹੁੰਦੇ ਹਨ ਅਤੇ ਫਿਰ ਵੀ ਕਹਿੰਦੇ ਰਹਿੰਦੇ ਹਨ - ਬਾਬਾ ਤੁਹਾਡੇ ਨਾਲ ਮੇਰਾ ਬਹੁਤ ਪਿਆਰ ਹੈ, ਬਹੁਤ ਪਿਆਰ ਹੈ। ਬਾਪ ਪੁੱਛਦੇ ਹਨ ਕਿੰਨਾਂ ਪਿਆਰ ਹੈ? ਤਾਂ ਕਹਿੰਦੇ ਹਨ ਆਕਾਸ਼ ਤੋਂ ਵੀ ਜਿਆਦਾ। ਬਾਪ ਸੁਣਕੇ ਖੁਸ਼ ਵੀ ਹੁੰਦੇ ਹਨ ਕਿ ਕਿੰਨੇ ਭੋਲੇ ਬੱਚੇ ਹਨ। ਫਿਰ ਵੀ ਬਾਪ ਕਹਿੰਦੇ ਹਨ - ਬਾਪ ਦਾ ਸਾਰੇ ਬੱਚਿਆਂ ਨਾਲ ਵਾਇਦਾ ਹੈ ਕਿ ਦਿਲ ਤੋਂ ਜੇਕਰ ਇੱਕ ਵਾਰ ਵੀ "ਮੇਰਾ ਬਾਬਾ" ਬੋਲ ਦਿੱਤਾ, ਫਿਰ ਭਾਵੇਂ ਵਿੱਚ ਦੀ ਭੁੱਲ ਜਾਂਦੇ ਹੋ ਲੇਕਿਨ ਇੱਕ ਵਾਰੀ ਵੀ ਦਿਲ ਤੋਂ ਬੋਲਿਆ " ਮੇਰਾ ਬਾਬਾ ", ਤਾਂ ਬਾਪ ਵੀ ਕਹਿੰਦੇ ਹਨ ਜੋ ਵੀ ਹੋ, ਜਿਵੇਂ ਦੇ ਵੀ ਹੋ ਮੇਰੇ ਹੀ ਹੋ। ਲੈ ਤੇ ਜਾਣਾ ਹੀ ਹੈ। ਸਿਰਫ ਬਾਪ ਚਾਉਂਦੇ ਹਨ ਕਿ ਬਰਾਤੀ ਬਣਕੇ ਨਹੀਂ ਚਲਣਾ, ਸਜਨੀ ਬਣਕੇ ਚਲਣਾ। ਸੁਣ ਕੇ ਤਾਂ ਸਾਰੇ ਹੀ ਬਹੁਤ ਖੁਸ਼ ਹੋ ਰਹੇ ਹਨ। ਆਪਣੇ ਉੱਤੇ ਹੱਸੀ ਵੀ ਆ ਰਹੀ ਹੈ।

ਹੁਣ ਸੁਣਨ ਦੇ ਸਮੇਂ ਆਪਣੇ ਉਪਰ ਹਸਦੇ ਹੋ ਨਾ! ਆਪਣੇ ਉਪਰ ਹੱਸੀ ਆਉਂਦੀ ਹੈ ਅਤੇ ਜਦੋਂ ਜੋਸ਼ ਕਰਦੇ ਹੋ ਤਾਂ ਲਾਲ, ਪੀਲੇ ਹੋ ਜਾਂਦੇ ਹੋ। ਲੇਕਿਨ ਬਾਪ ਨੇ ਰਿਜਲਟ ਵਿੱਚ ਵੇਖਿਆ ਕਿ ਬੱਚਿਆਂ ਵਿਚ ਇੱਕ ਵਿਸ਼ੇਸ਼ਤਾ ਬਹੁਤ ਚੰਗੀ ਹੈ, ਕਿਹੜੀ? ਪਵਿੱਤ੍ਰਤਾ ਵਿੱਚ ਰਹਿਣਾ, ਇਸ ਦੇ ਲਈ ਕਿੰਨਾਂ ਵੀ ਸਹਿਣ ਕਰਨਾ ਪਿਆ ਹੈ, ਕਿੰਨਾਂ ਵੀ ਆਪੋਜੀਸ਼ਨ ਕਰਨ ਵਾਲੇ ਸਾਮਣੇ ਆਏ ਲੇਕਿਨ ਇਸ ਗੱਲ ਵਿਚ 75% ਚੰਗੇ ਹਨ। ਕੋਈ - ਕੋਈ ਗਪੌੜਾਂ ਵੀ ਲਗਾਉਂਦੇ ਹਨ ਲੇਕਿਨ ਫਿਰ ਵੀ 75% ਨੇ ਇਸ ਗੱਲ ਵਿਚ ਪਾਸ ਹੋਕੇ ਵਿਖਾਇਆ ਹੈ। ਹੁਣ ਉਸ ਦੇ ਬਾਦ ਦੂਜਾ ਸਬਜੈਕਟ ਕਿਹੜਾ ਆਉਂਦਾ ਹੈ? ਕ੍ਰੋਧ। ਦੇਹ - ਭਾਨ ਤਾਂ ਟੋਟਲ ਹੈ ਹੀ। ਲੇਕਿਨ ਵੇਖਿਆ ਗਿਆ ਹੈ ਕਿ ਕ੍ਰੋਧ ਦੀ ਸਬਜੈਕਟ ਵਿੱਚ ਬਹੁਤ ਘੱਟ ਪਾਸ ਹਨ। ਇਵੇਂ ਸਮਝਦੇ ਹਨ ਕਿ ਜਿਵੇਂ ਕ੍ਰੋਧ ਕੋਈ ਵਿਕਾਰ ਨਹੀਂ ਹੈ, ਇਹ ਸ਼ਸਤ੍ਰ ਹੈ, ਵਿਕਾਰ ਨਹੀਂ ਹੈ। ਲੇਕਿਨ ਕ੍ਰੋਧ ਗਿਆਨੀ ਤੂੰ ਆਤਮਾ ਦੇ ਲਈ ਮਹਾਸ਼ਤਰੂ ਹੈ ਕਿਉਂਕਿ ਕ੍ਰੋਧ ਅਨੇਕ ਆਤਮਾਵਾਂ ਦੇ ਸੰਬੰਧ, ਸੰਪਰਕ ਵਿੱਚ ਆਉਣ ਤੇ ਪ੍ਰਸਿੱਧ ਹੋ ਜਾਂਦਾ ਹੈ ਅਤੇ ਕ੍ਰੋਧ ਨੂੰ ਵੇਖ ਕਰਕੇ ਬਾਪ ਦੇ ਨਾਮ ਦੀ ਬਹੁਤ ਗਲਾਨੀ ਹੁੰਦੀ ਹੈ। ਕਹਿਣ ਵਾਲੇ ਇਹ ਹੀ ਕਹਿੰਦੇ ਹਨ, ਵੇਖ ਲਿਆ ਗਿਆਨੀ ਤੂੰ ਆਤਮਾ ਬੱਚਿਆਂ ਨੂੰ। ਕ੍ਰੋਧ ਦੇ ਬਹੁਤ ਰੂਪ ਹਨ। ਇਕ ਤਾਂ ਮਹਾਨ ਰੂਪ ਤੁਸੀਂ ਚੰਗੀ ਤਰ੍ਹਾਂ ਨਾਲ ਜਾਣਦੇ ਹੋ, ਵਿਖਾਈ ਦਿੰਦਾ ਹੈ - ਇਹ ਕ੍ਰੋਧ ਕਰ ਰਿਹਾ ਹੈ। ਦੂਸਰਾ - ਸੂਖਸ਼ਮ ਸਵਰੂਪ ਅੰਦਰ ਵਿੱਚ ਈਰਖਾ, ਦਵੇਸ਼, ਘ੍ਰਿਣਾ ਆਦਿ ਹੁੰਦੀ ਹੈ। ਇਸ ਸਵਰੂਪ ਵਿੱਚ ਜੋਰ ਨਾਲ ਬੋਲਣਾ ਜਾਂ ਬਾਹਰ ਤੋਂ ਕੋਈ ਰੂਪ ਨਹੀਂ ਵਿਖਾਈ ਦਿੰਦਾ ਹੈ, ਲੇਕਿਨ ਜਿਵੇਂ ਬਾਹਰ ਕ੍ਰੋਧ ਹੁੰਦਾ ਹੈ ਤਾਂ ਕ੍ਰੋਧ ਅਗਨੀ ਰੂਪ ਹੈ ਨਾ, ਉਹ ਅੰਦਰ ਖੁਦ ਵੀ ਸੜਦਾ ਰਹਿੰਦਾ ਹੈ ਅਤੇ ਦੂਜੇ ਨੂੰ ਵੀ ਸਾੜਦਾ ਰਹਿੰਦਾ ਹੈ। ਇਵੇਂ ਈਰਖਾ, ਦਵੇਸ਼, ਘ੍ਰਿਣਾ - ਇਹ ਜਿਸ ਵਿਚ ਹਨ, ਉਹ ਇਸ ਅਗਨੀ ਵਿੱਚ ਅੰਦਰ ਹੀ ਅੰਦਰ ਸੜਦਾ ਰਹਿੰਦਾ ਹੈ। ਬਾਹਰ ਤੋਂ ਲਾਲ, ਪੀਲਾ ਨਹੀਂ ਹੁੰਦਾ, ਲਾਲ ਪੀਲਾ ਫਿਰ ਵੀ ਠੀਕ ਹੈ ਲੇਕਿਨ ਉਹ ਕਾਲਾ ਹੁੰਦਾ ਹੈ। ਤੀਸਰਾ ਕ੍ਰੋਧ ਦੀ ਚਤੁਰਾਈ ਦਾ ਰੂਪ ਵੀ ਹੈ। ਉਹ ਕੀ ਹੈ? ਕਹਿਣ ਵਿੱਚ ਸਮਝਣ ਵਿਚ ਇਵੇਂ ਸਮਝਦੇ ਹਨ ਜਾਂ ਕਹਿੰਦੇ ਹਨ ਕਿ ਕਿਤੇ - ਕਿਤੇ ਸੀਰੀਅਸ ਹੋਣਾ ਹੀ ਪੈਂਦਾ ਹੈ। ਕਿਤੇ - ਕਿਤੇ ਲਾਅ ਉਠਾਉਣਾ ਹੀ ਪੈਂਦਾ ਹੈ - ਕਲਿਆਣ ਦੇ ਲਈ। ਹੁਣ ਕਲਿਆਣ ਹੈ ਜਾਂ ਨਹੀਂ ਉਹ ਆਪਣੇ ਤੋਂ ਪੁੱਛੋ। ਬਾਪਦਾਦਾ ਨੇ ਕਿਸੇ ਨੂੰ ਵੀ ਆਪਣੇ ਹੱਥ ਵਿਚ ਲਾਅ ( ਕਾਨੂੰਨ ) ਉਠਾਉਣ ਦੀ ਛੁੱਟੀ ਨਹੀਂ ਦਿੱਤੀ ਹੈ। ਕੀ ਕਿਸੇ ਮੁਰਲੀ ਵਿੱਚ ਕਿਹਾ ਹੈ ਕਿ ਭਾਵੇਂ ਲਾਅ ਉਠਾਓ, ਕ੍ਰੋਧ ਨਹੀਂ ਕਰੋ? ਲਾਅ ਉਠਾਉਣ ਵਾਲੇ ਦੇ ਅੰਦਰ ਦਾ ਰੂਪ ਉਹ ਹੀ ਕ੍ਰੋਧ ਦਾ ਅੰਸ਼ ਹੁੰਦਾ ਹੈ। ਜੋ ਨਿਮਿਤ ਆਤਮਾਵਾਂ ਹਨ ਉਹ ਵੀ ਲਾਅ ਉਠਾਉਂਦੇ ਨਹੀਂ ਹਨ, ਲੇਕਿਨ ਉਨ੍ਹਾਂ ਨੂੰ ਲਾਅ ਰੀਵਾਈਜ਼ ਕਰਵਾਉਣਾ ਪੈਂਦਾ ਹੈ। ਲਾਅ ਵੀ ਨਹੀਂ ਉਠਾ ਸਕਦਾ ਲੇਕਿਨ ਨਿਮਿਤ ਹਨ ਤਾਂ ਬਾਪ ਦਵਾਰਾ ਬਣਾਏ ਹੋਏ ਲਾਅ ਨੂੰ ਰੀਵਾਇਜ਼ ਕਰਨਾ ਪੈਂਦਾ ਹੈ। ਨਿਮਿਤ ਬਣਨ ਵਾਲਿਆਂ ਨੂੰ ਇਤਨੀ ਛੁੱਟੀ ਹੈ, ਸਭ ਨੂੰ ਨਹੀਂ।

ਅੱਜ ਬਾਪਦਾਦਾ ਥੋੜ੍ਹਾ ਆਫ਼ਿਸ਼ੀਅਲ ਸਿੱਖਿਆ ਦੇ ਰਹੇ ਹਨ, ਪਿਆਰ ਨਾਲ ਉਠਾਉਣਾ ਕਿਉਂਕਿ ਬਾਪਦਾਦਾ ਬੱਚਿਆਂ ਦੇ ਲਿਖੇ ਹੋਏ,

ਕੀਤੇ ਹੋਏ ਵਾਇਦੇ ਵੇਖ ਕੇ, ਸੁਣਕੇ ਮੁਸਕੁਰਾਉਂਦੇ ਰਹਿੰਦੇ ਹਨ। ਹੁਣ ਬਾਪਦਾਦਾ ਨੇ ਜੋ ਸੁਣਾਇਆ ਕਿ ਹਰ ਗੁਣ ਨੂੰ ਨਿੱਜੀ ਸੰਸਕਾਰ ਬਣਾਓ। ਅੰਡਰਲਾਈਨ ਕੀਤਾ? ਤਾਂ ਹੁਣ ਤੋਂ ਇਹ ਕਹਿਣਾ ਕਿ ਸ਼ਾਂਤ ਸਵਰੂਪ ਵਿੱਚ ਰਹਿਣਾ, ਸਹਿਣਸ਼ੀਲ ਬਣਨਾ - ਇਹ ਤਾਂ ਮੇਰਾ ਸੰਸਕਾਰ ਬਣ ਗਿਆ ਹੈ। ਫਿਰ ਬਾਪਦਾਦਾ ਜਦ ਮਿਲਣ ਮਨਾਉਣ ਆਉਣ, ਤਾਂ ਇਸ ਨੂੰ ਆਪਣਾ ਨਿੱਜੀ ਸੰਸਕਾਰ ਬਣਾਕੇ ਬਾਪਦਾਦਾ ਦੇ ਅੱਗੇ 5-6 ਮਹੀਨੇ ਵਿੱਚ ਵਿਖਾਉਣਾ ਇਸਲਈ ਅੱਜ ਰਿਜਲਟ ਸੁਣਾ ਰਹੇ ਹਨ। ਕ੍ਰੋਧ ਦੀ ਰਿਪੋਰਟ ਬਹੁਤ ਆਉਂਦੀ ਹੈ। ਛੋਟਾ - ਵੱਡਾ, ਵੱਖ - ਵੱਖ ਰੂਪ ਵਿਚ ਕ੍ਰੋਧ ਕਰਦੇ ਹਨ। ਹੁਣ ਬਾਪਦਾਦਾ ਜਿਆਦਾ ਨਹੀਂ ਖੋਲਦੇ ਹਨ ਲੇਕਿਨ ਕਹਾਣੀਆਂ ਬਹੁਤ ਮਜੇ ਦੀਆਂ ਹਨ ਇਸਲਈ ਅੱਜ ਤੋਂ ਕ੍ਰੋਧ ਨੂੰ ਕੀ ਕਰੋਗੇ? ਵਿਦਾਈ ਦਵੋਗੇ? ( ਸਭ ਨੇ ਤਾਲੀ ਵਜਾਈ ) ਦੇਖੋ, ਤਾਲੀ ਵਜਾਉਣਾ ਬਹੁਤ ਸੌਖਾ ਹੈ ਲੇਕਿਨ ਕ੍ਰੋਧ ਦੀ ਤਾਲੀ ਨਹੀਂ ਵੱਜੇ। ਬਾਪਦਾਦਾ ਹੁਣ ਇਹ ਬਾਰ - ਬਾਰ ਸੁਣਨਾ ਨਹੀਂ ਚਾਉਂਦੇ ਹਨ ਫਿਰ ਵੀ ਰਹਿਮ ਪੈਂਦਾ ਹੈ ਤਾਂ ਸੁਣ ਲੈਂਦੇ ਹਨ। ਤਾਂ ਹੁਣ ਤੋਂ ਇਹ ਨਹੀਂ ਕਹਿਣਾ ਕਿ ਬਾਬਾ ਵਾਇਦਾ ਤਾਂ ਕੀਤਾ ਲੇਕਿਨ … ਫਿਰ - ਫਿਰ ਆ ਗਿਆ, ਕੀ ਕਰੀਏ! ਚਾਉਂਦੇ ਨਹੀਂ ਹਾਂ, ਆ ਜਾਂਦਾ ਹੈ। ਤੁਸੀਂ ਹੀ ਮਾਇਆ ਨੂੰ ਸਮਝਾ ਦਵੋ, ਕ੍ਰੋਧ ਨੂੰ ਸਮਝਾ ਦਵੋ। ਤਾਂ ਉਹ ਪੁਰਸ਼ਾਰਥ ਵੀ ਬਾਪ ਕਰੇ ਅਤੇ ਪ੍ਰਾਲਬਧ ਬੱਚੇ ਲੈਣਗੇ? ਇਹ ਵੀ ਮਿਹਨਤ ਬਾਪ ਕਰੇ? ਤਾਂ ਅਜਿਹਾ ਵਾਇਦਾ ਨਹੀਂ ਕਰਨਾ, ਜੋ ਫਿਰ ਪੰਜ ਮਹੀਨੇ ਦੇ ਬਾਦ ਰਿਜਲਟ ਵੇਖਣ। ਭਾਵੇਂ ਤੁਸੀਂ ਦੱਸੋ ਜਾਂ ਨਹੀਂ ਦੱਸੋ, ਬਾਪ ਦੇ ਕੋਲ ਤੇ ਪਹੁੰਚਦੀ ਹੈ। ਅਜਿਹੀ ਰਿਜਲਟ ਨਾ ਹੋਵੇ - ਕੀ ਕਰੀਏ, ਹੋ ਜਾਂਦਾ ਹੈ, ਸਰਕਮਸਟਾਂਸਿਜ ਅਜਿਹੇ ਆਉਂਦੇ ਹਨ, ਗੱਲ ਬਹੁਤ ਵੱਡੀ ਹੋ ਗਈ ਨਾ! ਬਾਪ ਨੂੰ ਵੀ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ, ਬੜੇ ਹੁਸ਼ਿਆਰ ਹਨ। ਕਹਿੰਦੇ ਹਨ ਬਾਬਾ ਛੋਟੀ - ਮੋਟੀ ਗੱਲਾਂ ਅਸੀਂ ਪਾਰ ਕਰ ਲੈਂਦੇ ਹਾਂ, ਇਹ ਗੱਲ ਹੀ ਵੱਡੀ ਸੀ ਨਾ! ਹੁਣ ਦੋਸ਼ ਕਿਸ ਤੇ ਰੱਖਿਆ? ਗੱਲ ਤੇ। ਅਤੇ ਗੱਲ ਕੀ ਕਰਦੀ ਹੈ? ਆਈ ਅਤੇ ਗਈ। ਪੰਜ ਹਜਾਰ ਵਰ੍ਹੇ ਦੇ ਬਾਦ ਫਿਰ ਗੱਲ ਆਵੇਗੀ। ਜੋ ਪੰਜ ਹਜਾਰ ਵਰ੍ਹੇ ਦੇ ਬਾਅਦ ਆਉਣੀ ਹੈ, ਉਸ ਤੇ ਦੋਸ਼ ਰੱਖ ਦਿੰਦੇ ਹਨ। ਇਵੇਂ ਨਹੀਂ ਕਰਨਾ। ਕੀ ਕਰਾਂ …। ਇਹ ਸੰਕਲਪ ਵਿੱਚ ਵੀ ਨਹੀਂ ਲਿਆਉਣਾ। ਬਾਪਦਾਦਾ ਕ੍ਰੋਧ ਦੇ ਲਈ ਕਿਓਂ ਵਿਸ਼ੇਸ਼ ਕਹਿ ਰਿਹਾ ਹੈ? ਕਿਉਂਕਿ ਜੇਕਰ ਕ੍ਰੋਧ ਨੂੰ ਤੁਸੀਂ ਵਿਦਾਈ ਦੇ ਦਿੱਤੀ ਤਾਂ ਉਸ ਵਿੱਚ ਲੋਭ, ਇੱਛਾ ਸਭ ਆ ਜਾਂਦਾ ਹੈ। ਲੋਭ ਸਿਰਫ ਪੈਸੇ ਅਤੇ ਖਾਣ ਦਾ ਨਹੀਂ ਹੁੰਦਾ, ਵੱਖ - ਵੱਖ ਤਰ੍ਹਾਂ ਦੀ, ਭਾਵੇਂ ਗਿਆਨ ਦੀ, ਭਾਵੇਂ ਅਗਿਆਨ ਦੀ ਕੋਈ ਵੀ ਇੱਛਾ - ਇਹ ਵੀ ਲੋਭ ਹੈ। ਤਾਂ ਕ੍ਰੋਧ ਨੂੰ ਖਤਮ ਕਰਨ ਨਾਲ ਲੋਭ ਆਪੇ ਹੀ ਖਤਮ ਹੁੰਦਾ ਜਾਵੇਗਾ, ਹੰਕਾਰ ਵੀ ਖਤਮ ਹੋ ਜਾਵੇਗਾ। ਅਭਿਮਾਨ ਆਉਂਦਾ ਹੈ ਨਾ - ਮੈਂ ਵੱਡਾ, ਮੈਂ ਸਮਝਦਾਰ, ਮੈਂ ਜਾਣਦਾ ਹਾਂ ਇਹ ਕੀ ਆਪਣੇ ਨੂੰ ਸਮਝਦੇ ਹਨ! ਤਾਂ ਕ੍ਰੋਧ ਆਉਂਦਾ ਹੈ। ਤਾਂ ਅਭਿਮਾਨ ਅਤੇ ਲੋਭ ਇਹ ਵੀ ਨਾਲ - ਨਾਲ ਵਿਦਾਈ ਲੈ ਲੈਣਗੇ ਇਸਲਈ ਬਾਪਦਾਦਾ ਵਿਸ਼ੇਸ਼ ਲੋਭ ਦੇ ਲਈ ਨਾ ਕਹਿ ਕਰਕੇ ਕ੍ਰੋਧ ਨੂੰ ਅੰਡਰਲਾਈਨ ਕਰਵਾ ਰਹੇ ਹਨ। ਤਾਂ ਸੰਸਕਾਰ ਬਣਾਓਗੇ? ਹੁਣ ਸਭ ਹੱਥ ਉਠਾਓ ਅਤੇ ਸਭ ਦਾ ਫੋਟੋ ਨਿਕਾਲੋ। ( ਸਭ ਨੇ ਹੱਥ ਉਠਾਇਆ) ਹੁਣ ਥੋੜ੍ਹੀ ਜਿਹੀ ਮੁਬਾਰਕ ਦਿੰਦੇ ਹਾਂ, ਬਹੁਤ ਨਹੀਂ ਅਤੇ ਜਦੋਂ ਫਿਰ ਤੋਂ ਰਿਜਲਟ ਵੇਖਾਂਗੇ ਫਿਰ ਵਤਨ ਦੇ ਦੇਵਤੇ ਵੀ, ਸਵਰਗ ਦੇ ਦੇਵਤੇ ਵੀ ਤੁਹਾਡੇ ਉਪਰ ਵਾਹ, ਵਾਹ ਦੇ ਫੁੱਲ ਬਰਸਾਉਣਗੇ।

ਅੱਜ ਤੋਂ ਹਰੇਕ ਆਪਣੇ ਵਿੱਚ ਦੇਖੇ - ਦੂਜੇ ਨੂੰ ਨਹੀਂ ਵੇਖਣਾ। ਦੂਜੇ ਦੀਆਂ ਇਹ ਗੱਲਾਂ ਵੇਖਣ ਦੇ ਲਈ ਮਨ ਦੀ ਅੱਖ ਬੰਦ ਕਰਨਾ। ਇਹ ਅੱਖਾਂ ਤਾਂ ਬੰਦ ਕਰ ਨਹੀਂ ਸਕਦੇ ਨਾ, ਲੇਕਿਨ ਮਨ ਦੀ ਅੱਖ ਬੰਦ ਕਰਨਾ - ਦੂਸਰਾ ਕਰਦਾ ਹੈ ਜਾਂ ਤੀਸਰਾ ਕਰਦਾ ਹੈ, ਮੈਨੂੰ ਨਹੀਂ ਵੇਖਣਾ ਹੈ। ਬਾਪ ਉਤਨਾ ਵੀ ਫੋਰਸ ਦੇਕੇ ਕਹਿੰਦੇ ਹਨ ਕਿ ਜੇਕਰ ਕੋਈ ਵਿਰਲਾ ਮਹਾਰਥੀ ਵੀ ਕੋਈ ਅਜਿਹੀ ਕਮਜੋਰੀ ਕਰੇ ਤਾਂ ਵੀ ਦੇਖਣ ਦੇ ਲਈ ਅਤੇ ਸੁਨਣ ਦੇ ਲਈ ਮਨ ਨੂੰ ਅੰਤਰਮੁੱਖੀ ਬਨਾਉਣਾ। ਹੱਸੀ ਦੀ ਗੱਲ ਸੁਣਾਈਏ - ਬਾਪਦਾਦਾ ਅੱਜ ਥੋੜ੍ਹਾ ਸਪੱਸ਼ਟ ਸੁਣਾ ਰਹੇ ਹਨ, ਬੁਰਾ ਤੇ ਨਹੀਂ ਲਗਦਾ ਹੈ। ਅੱਛਾ, ਇੱਕ ਹੋਰ ਵੀ ਸਪੱਸ਼ਟ ਗੱਲ ਸੁਣਾਉਂਦੇ ਹਾਂ। ਬਾਪਦਾਦਾ ਨੇ ਵੇਖਿਆ ਹੈ ਕਿ ਮਿਜਿਓਰਟੀ ਸਮੇਂ ਪ੍ਰਤੀ ਸਮੇਂ, ਸਦਾ ਨਹੀਂ ਕਦੇ - ਕਦੇ ਮਹਾਰਥੀਆਂ ਦੀ ਵਿਸ਼ੇਸ਼ਤਾ ਨੂੰ ਘੱਟ ਵੇਖਦੇ ਅਤੇ ਕਮਜੋਰੀ ਨੂੰ ਬਹੁਤ ਗਹਿਰਾਈ ਨਾਲ ਵੇਖਦੇ ਹਨ ਅਤੇ ਫਾਲੋ ਕਰਦੇ ਹਨ। ਇੱਕ ਦੂਜੇ ਨਾਲ ਵਰਨਣ ਵੀ ਕਰਦੇ ਹਨ ਕਿ ਕੀ ਹੈ, ਸਭ ਨੂੰ ਵੇਖ ਲਿਆ ਹੈ। ਮਹਾਰਥੀ ਵੀ ਕਰਦੇ ਹਨ, ਅਸੀਂ ਤਾਂ ਹਾਂ ਹੀ ਪਿੱਛੇ। ਹੁਣ ਮਹਾਰਥੀ ਜਦ ਬਦਲਣਗੇ ਨਾ ਤਾਂ ਅਸੀਂ ਬਦਲ ਜਾਵਾਂਗੇ। ਲੇਕਿਨ ਮਹਾਰਥੀਆਂ ਦੀ ਤਪੱਸਿਆ, ਮਹਾਰਥੀਆਂ ਦੇ ਬਹੁਤਕਾਲ ਦਾ ਪੁਰਸ਼ਾਰਥ ਉਨ੍ਹਾਂ ਨੂੰ ਅਡੀਸ਼ਨ ਮਾਰਕਸ ਦਵਾਕੇ ਵੀ ਪਾਸ ਵਿਧ ਆਨਰ ਕਰ ਲੈਂਦੀ ਹੈ। ਤੁਸੀਂ ਇਸੇ ਇੰਤਜਾਰ ਵਿੱਚ ਰਹੋਗੇ ਕਿ ਮਹਾਰਥੀ ਬਦਲਣਗੇ ਤਾਂ ਬਦਲਣਗੇ ਤਾਂ ਧੋਖਾ ਖਾ ਲਵੋਂਗੇ ਇਸਲਈ ਮਨ ਨੂੰ ਅੰਤਰਮੁਖੀ ਬਣਾਓ। ਸਮਝਾ। ਇਹ ਵੀ ਬਾਪਦਾਦਾ ਬਹੁਤ ਸੁਣਦੇ ਹਨ, ਦੇਖ ਲਿਆ, ਦੇਖ ਲਿਆ। ਸਾਡੀਆਂ ਵੀ ਤੇ ਅੱਖਾਂ ਹਨ ਨਾ, ਸਾਡੇ ਵੀ ਤੇ ਕੰਨ ਹਨ ਨਾ, ਅਸੀਂ ਵੀ ਬਹੁਤ ਸੁਣਦੇ ਹਾਂ। ਲੇਕਿਨ ਮਹਾਰਥੀਆਂ ਨਾਲ ਇਸ ਗੱਲ ਵਿਚ ਰੀਸ ਨਾ ਕਰਨਾ। ਅੱਛਾਈ ਦੀ ਰੇਸ ਕਰੋ, ਬੁਰਾਈ ਦੀ ਰੀਸ ਨਹੀਂ ਕਰੋ, ਨਹੀਂ ਤਾਂ ਧੋਖਾ ਖਾ ਲਵੋਗੇ। ਬਾਪ ਨੂੰ ਤਰਸ ਆਉਂਦਾ ਹੈ ਕਿਉਂਕਿ ਮਹਾਰਥੀਆਂ ਦਾ ਫਾਉਂਡੇਸ਼ਨ ਨਿਸ਼ਚੇ, ਅਟੁੱਟ - ਅਚਲ ਹੈ, ਉਸ ਦੀਆਂ ਦੁਆਵਾਂ ਐਕਸਟ੍ਰਾ ਮਹਾਰਥੀਆਂ ਨੂੰ ਮਿਲਦੀਆਂ ਹਨ ਇਸਲਈ ਕਦੇ ਵੀ ਮਨ ਦੀ ਅੱਖ ਨੂੰ ਇਸ ਗੱਲ ਦੇ ਲਈ ਨਹੀਂ ਖੋਲਣਾ। ਬੰਦ ਰੱਖੋ। ਸੁਣਨ ਦੀ ਬਜਾਏ ਮਨ ਨੂੰ ਅੰਤਰਮੁਖੀ ਰੱਖੋ। ਸਮਝਾ।

ਚਾਰੋਂ ਪਾਸੇ ਦੇ ਸ੍ਰਵ ਬਾਪਦਾਦਾ ਦੇ ਲਵਲੀਨ ਆਤਮਾਵਾਂ, ਸ੍ਰਵ ਬਾਪ ਦੇ ਸੇਵਾਦਾਰੀ ਆਤਮਾਵਾਂ, ਸ੍ਰਵ ਸਹਿਜ ਪੁਰਸ਼ਾਰਥ ਨੂੰ ਅਪਨਾਉਣ ਵਾਲੀਆਂ ਸ੍ਰੇਸ਼ਠ ਆਤਮਾਵਾਂ, ਸਦਾ ਬਾਪ ਸਮਾਨ ਬਣਨ ਦੇ ਲਕਸ਼ ਅਤੇ ਲਕਸ਼ਣ ਨੂੰ ਸਮਾਨ ਬਨਾਉਣ ਵਾਲੀਆਂ, ਬਾਪ ਦੇ ਨੇੜੇ ਆਤਮਾਵਾਂ ਨੂੰ ਬਾਪਦਾਦਾ ਦਾ ਬਹੁਤ - ਬਹੁਤ ਯਾਦਪਿਆਰ ਅਤੇ ਨਮਸਤੇ।

ਵਰਦਾਨ:- ਸਭ ਨੂੰ ਅਮਰ ਗਿਆਨ ਦੇਕੇ ਅਕਾਲੀ ਮ੍ਰਿਤੂ ਦੇ ਡਰ ਤੋਂ ਛੁਡਾਉਣ ਵਾਲੇ ਸ਼ਕਤੀਸ਼ਾਲੀ ਸੇਵਾਦਾਰੀ ਭਵ।

ਦੁਨੀਆ ਵਿਚ ਅਜਕਲ ਅਕਾਲੇ ਮ੍ਰਿਤੂ ਦਾ ਵੀ ਡਰ ਹੈ। ਡਰ ਨਾਲ ਖਾ ਵੀ ਰਹੇ ਹਨ, ਚਲ ਵੀ ਰਹੇ ਹਨ, ਸੋ ਵੀ ਰਹੇ

ਹਨ। ਅਜਿਹੀਆਂ ਆਤਮਾਵਾਂ ਨੂੰ ਖੁਸ਼ੀ ਦੀ ਗੱਲ ਸੁਣਾਕੇ ਡਰ ਤੋਂ ਛੁਡਾਓ। ਉਨ੍ਹਾਂ ਨੂੰ ਖੁਸ਼ਖ਼ਬਰੀ ਸੁਣਾਓ ਕਿ ਅਸੀਂ ਤੁਹਾਨੂੰ 21 ਜਨਮਾਂ ਦੇ ਲਈ ਅਕਾਲੇ ਮ੍ਰਿਤੂ ਤੋਂ ਬਚਾ ਸਕਦੇ ਹਾਂ। ਹਰ ਆਤਮਾ ਨੂੰ ਅਮਰ ਗਿਆਨ ਦੇ ਅਮਰ ਬਣਾਓ ਜਿਸ ਨਾਲ ਉਹ ਜਨਮ - ਜਨਮ ਦੇ ਲਈ ਅਕਾਲੇ ਮ੍ਰਿਤੂ ਤੋਂ ਬਚ ਜਾਣ। ਇਵੇਂ ਆਪਣੇ ਸ਼ਾਂਤੀ ਅਤੇ ਸੁਖ ਦੇ ਵਾਈਬ੍ਰੇਸ਼ਨ ਨਾਲ਼ ਲੋਕਾਂ ਨੂੰ ਸੁਖ - ਚੈਨ ਦੀ ਅਨੁਭੂਤੀ ਕਰਾਉਣ ਵਾਲੇ ਸ਼ਕਤੀਸ਼ਾਲੀ ਸੇਵਾਦਾਰੀ ਬਣੋ।

**ਸਲੋਗਨ:-** ਯਾਦ ਅਤੇ ਸੇਵਾ ਦੇ ਬੇਲੈਂਸ ਰੱਖਣ ਨਾਲ ਹੀ ਸਰਵ ਦੀਆਂ ਦੁਆਵਾਂ ਮਿਲਦੀਆਂ ਹਨ।

******